WCB FACTS 2020

# ਸਿੱਖਿਆਰਥੀ ਮਜ਼ਦੂਰੀ ਦੀ ਹਾਨੀ ਲਈ ਫਾਇਦੇ

ਜੇ ਤੁਸੀਂ ਇੱਕ ਸਿੱਖਿਆਰਥੀ ਹੋ ਅਤੇ ਤੁਸੀਂ ਨੌਕਰੀ ਤੇ ਟ੍ਰੇਨਿੰਗ ਵਿੱਚ ਭਾਗ ਲੈਂਦੇ ਸਮੇਂ ਜਾਂ ਸਕੂਲ ਵਿੱਚ ਤਕਨੀਕੀ ਟ੍ਰੇਨਿੰਗ ਪ੍ਰਾਪਤ ਕਰਦੇ ਸਮੇਂ ਜਖਮੀ ਹੋਏ ਹੋ, ਤਾਂ ਤੁਸੀਂ ਆਪਣੀ ਚੋਟ ਦੇ ਨਤੀਜੇ ਵਜੋਂ ਮਜ਼ਦੂਰੀ ਦੀ ਹਾਨੀ ਲਈ ਫਾਇਦੇ ਪ੍ਰਾਪਤ ਕਰਦੇ ਹੋ।s

## ਮੈਂ ਕਿੰਨੀ ਮਜ਼ਦੂਰੀ ਦੀ ਹਾਨੀ ਲਈ ਫਾਇਦੇ ਦੀ ਰਾਸ਼ੀ ਦਾ ਹੱਕਦਾਰ ਹਾਂ?

ਸ਼ੁਰੂਆਤ ਵਿੱਚ ਮੈਨੀਟੋਬਾ ਮੁਆਵਜ਼ਾ ਬੋਰਡ (WCB) ਮਿਆਰੀ ਕਾਰਵਾਈਆਂ ਦੇ ਅਧਾਰ 'ਤੇ ਤੁਹਾਡੀ ਮਜ਼ਦੂਰੀ ਦੀ ਹਾਨੀ ਲਈ ਫਾਇਦਿਆਂ ਦਾ ਹਿਸਾਬ ਲਗਾਏਗਾ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ "ਮਜ਼ਦੂਰੀ ਦੀ ਹਾਨੀ ਲਈ ਫਾਇਦੀਆਂ ਦਾ ਹਿਸਾਬ-ਕਿਤਾਬ" ਫੈਕਟ ਸ਼ੀਟ ਦੇਖੋ।

## ਜੇਕਰ ਮੈਂ ਸਿਖਿਆਰਥੀ ਹਾਂ ਤਾਂ ਮੇਰੀ ਮਜ਼ਦੂਰੀ ਦੀ ਹਾਨੀ ਲਈ ਫਾਇਦੇ ਦਾ ਸਮਾਯੋਜਨ ਕਿਉਂ ਕੀਤਾ ਜਾਵੇਗਾ?

ਜੇਕਰ **WCB** ਨੂੰ ਪਤਾ ਚੱਲਦਾ ਹੈ ਕਿ ਸੱਟ ਲੱਗਣ ਦੇ ਸਮੇਂ ਕਮਾਈ ਗਈ ਮਜ਼ਦੂਰੀ ਨਿਰਪੱਖ ਰੂਪ ਨਾਲ ਤੁਹਾਡੀ ਕਮਾਈ ਦੇ ਨੁਕਸਾਨ ਨੂੰ ਨਹੀਂ ਦਰਸਾਉਂਦੀ, ਤਾਂ ਅਸੀਂ ਇਸ ਅਧਾਰ 'ਤੇ ਸਮੇਂ-ਸਮੇਂ 'ਤੇ ਤੁਹਾਡੇ ਫਾਇਦਿਆਂ ਵਿੱਚ ਵਾਧਾ ਕਰਾਂਗੇ ਕਿ ਜੇਕਰ ਤੁਸੀਂ ਆਪਣੀ ਸਿਖਿਆਰਥੀ ਦੀ ਸਿਖਲਾਈ ਜਾਰੀ ਰੱਖਦੇ ਤਾਂ ਤੁਹਾਡੀ ਕਮਾਈ ਕੀ ਹੋਣੀ ਸੀ। ਅਸੀਂ ਇੰਞ ਇਸ ਲਈ ਕਰਦੇ ਹਾਂ ਕਿਉਂਕਿ ਸਿਖਿਆਰਥੀ ਦੀ ਆਮਦਨ ਆਮ ਤੌਰ 'ਤੇ ਖਾਸ ਮਾਤਰਾ ਵਿੱਚ ਵਧਦੀ ਹੈ ਜਿਵੇਂ-ਜਿਵੇਂ ਉਹ ਆਪਣੀ ਸਿਖਲਾਈ ਦੀ ਯੋਗਤਾ ਦੇ ਅੰਤ ਤੱਕ ਪਹੁੰਚਦਾ ਹੈ।

ਜੇਕਰ ਤੁਸੀਂ ਆਪਣੀ ਸੱਟ ਤੋਂ ਇੱਕ ਸਾਲ ਬਾਅਦ ਵੀ ਮਜ਼ਦੂਰੀ ਦੀ ਹਾਨੀ ਲਈ ਫਾਇਦੇ ਪ੍ਰਾਪਤ ਕਰ ਰਹੇ ਹੋ, ਤਾਂ ਇਹਨਾਂ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਇਹ ਦਰਸਾਉਣ ਲਈ ਸਮਾਯੋਜਨ ਕੀਤਾ ਜਾਵੇਗਾ ਕਿ ਜੇ ਤੁਹਾਡੇ ਸੱਟ ਨਾ ਲੱਗੀ ਹੁੰਦੀ ਤਾਂ ਤੁਹਾਡੀ ਕਮਾਈ ਸੰਭਵ ਤੌਰ 'ਤੇ ਕਿੰਨੀ ਹੋਣੀ ਸੀ।

## ਮੇਰੇ ਲਾਭ ਕਿਸ ਤਰ੍ਹਾਂ ਸਮਾਯੋਜਿਤ ਕੀਤੇ ਗਏ ਹਨ?

1. ਸ਼ੁਰੂਆਤ ਵਿੱਚ, ਤੁਹਾਡੀ ਔਸਤ ਆਮਦਨੀ ਦਾ ਹਿਸਾਬ ਸੱਟ ਦੇ ਸਮੇਂ ਸਥਾਪਿਤ ਕੀਤੀ ਆਮਦਨੀ ਅਨੁਸਾਰ ਅਤੇ ਸਿਖਿਆਰਥੀ ਟ੍ਰੇਨਿੰਗ ਦੀ ਸਟੇਜ ਵਿੱਚ ਘੰਟੇ ਦੇ ਕੰਮ ਅਨੁਸਾਰ ਕੀਤਾ ਜਾਵੇਗਾ।

2. ਤੁਹਾਡੀ ਸੱਟ ਦੀ ਪਹਿਲੀ ਬਰਸੀ ਦੇ ਅਗਲੇ ਮਹੀਨੇ ਦੇ ਪਹਿਲੇ ਦਿਨ, ਤੁਹਾਡੀ ਔਸਤ ਆਮਦਨੀ ਉਸ ਆਮਦਨੀ ਅਨੁਸਾਰ ਵਧਾਈ ਜਾਵੇਗੀ ਜੋ ਤੁਸੀਂ ਪ੍ਰਾਪਤ ਕਰ ਰਹੇ ਹੁੰਦੇ ਜੇਕਰ ਤੁਸੀਂ ਜਖਮੀ ਨਾ ਹੁੰਦੇ।

3. ਤੁਹਾਡੀ ਔਸਤ ਆਮਦਨੀ ਲਾਜ਼ਮੀ ਅਤੇ ਨਿਰਧਾਰਿਤ ਕੀਤੇ ਉਹਨਾਂ ਵਾਧਿਆਂ ਵਿੱਚ ਸਮੇਂ-ਸਮੇਂ 'ਤੇ ਸਮਾਯੋਜਿਤ ਹੋਣਾ ਜਾਰੀ ਰਹੇਗੀ ਜੋ ਕਿ ਤੁਸੀਂ ਇੱਕ ਸਿਖਿਆਰਥੀ ਵਜੋਂ ਤਦ ਪ੍ਰਾਪਤ ਕਰਦੇ ਜੇਕਰ ਤੁਹਾਡੇ ਸੱਟ ਨਾ ਵੱਜੀ ਹੁੰਦੀ।

੫. ਇੱਕ ਵਾਰ ਜਦੋਂ ਤੁਹਾਡੀ ਔਸਤ ਆਮਦਨੀ ਇੱਕ ਸ਼ੁਰੁਆਤੀ ਜਰਨੀਪਰਸਨ ਜਾਂ ਬਰਾਬਰ ਪਦ ਦੀ ਪ੍ਰਚਲਿਤ ਮਜ਼ਦੂਰੀ/ਤਨਖ਼੍ਹਾਹ ਤੱਕ ਪਹੁੰਚ ਜਾਂਦੀ ਹੈ, ਤਾਂ ਫਿਰ ਭਵਿੱਖ ਦੇ ਸਮਾਯੋਜਨ *ਵਰਕਰਜ਼ ਕਮਪਨਸੇਸ਼ਨ ਐਕਟ* ਦੇ ਦੱਸੇ ਨਿਯਮਾਂ ਅਨੁਸਾਰ ਸਾਲਾਨਾ ਬਣਾ ਦਿੱਤੇ ਜਾਣਗੇ।

**ਸਵਾਲ ਹਨ?**

ਜੇ ਤੁਸੀਂ ਇੱਕ ਸਿਖਿਆਰਥੀ ਮੰਨੇ ਜਾਣ ਬਾਰੇ ਅਨਿਸ਼ਚਿਤ ਹੋ, ਜਾਂ ਜੇ ਤੁਸੀਂ ਇਹ ਜਾਨਣਾ ਚਾਹੰਦੇ ਹੋ ਕਿ ਕੀ ਤੁਹਾਡਾ ਸਿਖਿਆਰਥੀ ਹੋਣ ਦਾ ਸਟੇਟਸ ਤੁਹਾਡੇ ਮਜ਼ਦੂਰੀ ਦੀ ਹਾਨੀ ਲਈ ਫਾਇਦੇ ਨੂੰ ਪ੍ਰਭਾਵਿਤ ਕਰਦਾ ਹੈ, ਤਾਂ ਕਿਰਪਾ ਕਰਕੇ ਆਪਣੇ ਕੇਸ ਦੀ ਚਰਚਾ ਕਰਨ ਲਈ ਆਪਣੇ ਐਡਜੁਡੀਕੇਟਰ ਜਾਂ ਕੇਸ ਮਨੇਜਰ ਨਾਲ ਸੰਪਰਕ ਕਰੋ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ WCB *ਦੀਆਂ ਨੀਤੀਆਂ* ਦੇਖੋ_" ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।